# PESTICIDE SAFETY Information

CALIFORNIA ENVIRONMENTAL PROTECTION AGENCY

dpr

A No. 9 poster

# Pesticide Safety Rules For Farmworkers

**Your training and this leaflet tell you about pesticide dangers at work.** Pesticides are chemicals that are used to control unwanted insects, weeds, and plant diseases. If you work on a farm, or in a forest, greenhouse, or nursery, your employer must know about the pesticides used and help you learn how to protect yourself. FERTILIZERS ARE NOT PESTICIDES

***EMPLOYERS:** This is the hazard communication leaflet for your fieldworkers. Fill in the blank lines in this leaflet and display a copy of this leaflet at the employee's worksite, all permanent decontamination facilities, and decontamination facilities serving 11 or more workers. If requested, you must read this leaflet to an employee in a language the employee understands.*

## EMERGENCY MEDICAL CARE

Your employer must plan for medical care before you start working where pesticides have been used. You or your supervisor must be informed of the location of the doctor. If you think that pesticides made you sick or hurt you at work, immediately tell your employer. They must make sure that you are taken to the doctor immediately. Do not drive yourself to the doctor if you get sick at work.

**Emergency medical care is available at:**

NAME: ____________________

ADDRESS: ____________________

TELEPHONE: ____________________

If more space is needed, your employer may attach a list of medical facilities to this leaflet and write "See attached list" in the above space.

**REMEMBER:** You DO NOT have to pay for medical care if you get sick or hurt from pesticides at work.

## WHAT SHOULD I DO IF I START FEELING SICK AT WORK?

Pesticides can make you sick. Symptoms of pesticide poisoning can be the same as being stressed or ill from heat, having the flu, or other common illnesses. If you get a headache, dizziness, coughing, eye pain, blurred vision, burning eyes, an upset stomach, flu-like symptoms, or a rash while working in the field, ask your employer to take you to the doctor. You can also get skin rashes from plants and insects in the field.

***IF YOU THINK***

***pesticides have made you sick at work, immediately tell your employer. Your employer must make sure that you are taken to the doctor IMMEDIATELY.***

## WHAT ARE MY RIGHTS?

Your employer must explain your rights to you. If you need help understanding your rights, call or go to your local County Agricultural Commissioner's office, local legal aid and worker's rights organization, union, or the Department of Pesticide Regulation (DPR).

### 1. Right to Know

You have the right to know the following about pesticides that have been used recently where you work:

- The crop or site treated.
- Where the pesticide was applied.
- When the application started and ended.
- The restricted entry interval (REI).
- Name of the pesticide, active ingredient(s), and U.S. EPA or California registration number.
- The Safety Data Sheet for the applied pesticide.

Your employer must tell you where this information is kept, and must tell you if the location of this information changes. For recent applications, your employer must let you see the records anytime you want without having to ask anyone. You may have to ask to see older records.

**You can find information about recent pesticide use at:**

(Employers: this is the application-specific information)

ADDRESS: ____________________

HOW TO FIND THE INFORMATION: ____________________

If more space is needed, your employer may attach a list of grower names, addresses, and descriptions to this leaflet and write "See attached list" in the above space.

### 2. Right to Worker's Compensation

If you get sick or hurt **BECAUSE OF YOUR JOB**, you have the right to file for worker's compensation. Worker's compensation will pay for your medical bills, and sometimes, lost pay.

### 3. Right to Access and Review Training Records

You have the right to look at your safety training records from your employer. These records are kept at:

ADDRESS: ____________________

### 4. Right to Obtain Information

You, your doctor, or your representative designated in writing can receive information from the grower or your employer. This includes which pesticides the fields were treated with or any other pesticide record the grower or your employer has to keep.

### 5. Right to Report Unsafe Conditions

Pesticide safety for workers is the top priority of the County Agricultural Commissioner and DPR. You have the right to report unsafe pesticide work conditions and suspected pesticide use violations without being punished or fired. Neither the grower nor your employer will be told who made the complaint. Your statements about the safety problems must be checked out right away.

### 6. Right to Be Protected From Retaliation

You are protected from being fired, from discrimination, and from any retaliatory action due to the exercise of any of your rights.

## WHO DO I TELL ABOUT DANGERS AT WORK?

Pesticides are only one kind of danger at your work. If you have a complaint about pesticide safety, call your County Agricultural Commissioner. Your local County Agricultural Commissioner's office is:

ADDRESS: ____________________

TELEPHONE: ____________________

If you have other health and safety complaints (bathrooms, heat stress, drinking water, etc.), file them with the California Department of Industrial Relations Cal/OSHA office by calling: 1-844-522-6734.

## HOW CAN I PROTECT MYSELF FROM PESTICIDES?

Learn all you can from this leaflet and your safety training. **BE SAFE**. Know where you may be exposed to pesticides. If your employer tells you to stay out of a field, do not go in it. Stay away from equipment that is applying pesticides. After working in a field, wash your hands before eating, drinking, chewing gum, using your phone, smoking, or going to the bathroom. At the end of the day, remove your boots or shoes before entering your home and removing your work clothes. Wash your body and hair with soap or shampoo right after work, and change into clean clothes as soon as possible. Wash your work clothes before wearing them again.

***WASH WORK CLOTHES***
***separate from other laundry***

## WHEN I WORK IN A FIELD, WHAT MUST MY EMPLOYER GIVE ME TO WASH UP?

When you work in a field that has been treated with pesticides, there must be a place nearby with soap, clean water, and paper towels. This is for washing your hands and face, and for emergency eye flushing. You must be told where these items are before you work in the field. If pesticides are spilled or sprayed on you, use these supplies to wash immediately, and inform your employer.

## WHEN DO I NEED TRAINING AND WHAT DOES IT COVER?

You must be trained before working in fields where pesticides have been used recently, and every year after that. The pesticide safety training must be in a language you understand, and be done by a qualified trainer. You must be trained at a location free of distractions and your trainer must be with you the entire time you are being trained. Your employer must make your training record available to you anytime you ask for it.

Your employer must train you about:

### 1. Health Effects

- How pesticides can injure you or make you or your family sick.




- How to protect yourself and your family (especially children and pregnant women) from pesticides.
- How you may feel or look if you get pesticides in or on you.
- Ways pesticides can enter your body.
- How you may feel or look if you get sick from being too hot and what first aid steps to take.

### 2. Pesticide Safety

- The places at your work where you might get pesticides in or on you.
- First aid and emergency washing methods, including eye wash.
- How, when, and where to get emergency medical care.
- What work clothes to wear and how to wash your work clothes.
- Why and how you should wash after work.
- Why you should not take pesticides home from work.
- What field posting signs and restricted entry intervals mean.
- That your employer must keep you out of application exclusion zones.
- What your employer must give you before you enter a field during a restricted entry interval.
- How to report suspected pesticide violations.
- Your rights as an employee.

The information about your training must be written down. You will be given a paper to sign to show you have been trained. Only sign this form after you have finished the training and you understand what you heard.

You cannot be told to mix, load, or apply pesticides unless you have been trained by your employer to do that job safely (the A-8 safety leaflet has more information about safely handling pesticides).

## WHAT WILL I BE TOLD ABOUT NEARBY PESTICIDE APPLICATIONS?

Your employer must tell you about nearby applications on the property OR the grower must post warning signs in fields that are being treated with pesticides. When there is a nearby application being made to the property you are on, your employer must tell you:

| BEFORE APPLICATION | AFTER APPLICATION |
|---|---|
| Date of application | Location and description of the treated area |
| Location and description of the treated area | Dates and times when entry is restricted |
| Not to enter the field and the application exclusion zone | To stay out of the field until entry is no longer restricted |

This must be in a language you understand. Follow directions from your employer about staying out of treated fields and enclosed spaces like greenhouses, hoop houses, or mushroom houses.

## WHAT DOES "RESTRICTED ENTRY INTERVAL" (REI) MEAN?

A REI is the time after a pesticide has been applied when you are not allowed to go into a field. If you touch a plant in a treated field during the REI, you might become sick. After a pesticide is used on a plant, it will begin to go away. But this takes time, so you must stay out of the treated field or enclosed space until the REI ends and your employer or the farmer tells you it is safe to work in the field or enclosed space.

## CAN I EVER GO INTO A FIELD WITH A REI IN EFFECT?

Usually, you must stay out of a field until the REI ends and your employer or the farmer tells you that you can enter the field. Never walk or sit in a field that has been sprayed with pesticides. Your employer will try to schedule pesticide applications and your work so you will not go into sprayed fields. Normally, you cannot be told to enter a field or enclosed space if warning signs are posted

There are a few times when you can go into a field or enclosed space during the REI. However, you cannot go into the field until at least **four hours** after the pesticide application. You must be at least 18 years old to enter a field during the REI. There may also be other rules that apply. Your employer must know these rules and tell you about them before you go into the field. He must also tell you how long you can work in that field in one day. For some kinds of jobs, you may only be allowed to work in that field for a short period of time.

## WHAT DO I NEED TO KNOW IF I HAVE TO GO INTO A FIELD DURING THE REI?

Your employer must tell you each time:

1. Where you will be working.
2. The name of the pesticide sprayed and when the REI began and when it will end.
3. If there are special restrictions on your tasks, such as if you can touch treated surfaces and how much time you can be in the area.
4. What the label says are dangers to you.
5. How you may feel or look if you get pesticides in or on you.
6. What emergency first aid steps to take if a pesticide makes you sick and how to get help right away.
7. Where to find this leaflet and the A-8 safety leaflet.
8. The protective clothes or equipment you must wear, and that once worn, your work clothes and protective clothes or equipment may be contaminated with pesticides.
9. How to keep from getting sick from being too hot if you use protective clothing or equipment.
10. How to wear, remove, store, and clean the protective clothes and equipment.
11. Why you need to thoroughly wash after you leave the field.

Your employer must give you all the clean protective clothing or equipment you need. If the label requires you to protect your eyes, you need to carry eyewash while you are working. You must be given a clean, pesticide-free place to store your personal clothing, and to put on or take off protective clothing or equipment. You must also be given extra coveralls in case you get pesticide on your clothes. Your employer must give you soap, clean water, and towels for you to wash up.

## PROPOSITION 65

In 1986, a law called the Safe Drinking Water and Toxic Enforcement Act of 1986 (Proposition 65) was passed. It requires California to make a list of chemicals that can cause cancer, birth defects, or other reproductive harm. The Proposition 65 list contains many different chemicals, including dyes, solvents, pesticides, drugs, and food additives. If a pesticide you use is on the Proposition 65 list, your employer must warn you if you could be exposed to enough pesticide to cause a significant health risk. Your employer may also choose to tell you if a pesticide on the Proposition 65 list has been sprayed, even if health problems are not likely. As stated above, your employer must keep information on each pesticide application at the address listed on page 2 and allow you to look at it. If you are not sure of this location, ask your employer.

**You can find the list of pesticides that are on the Proposition 65 list and that might be used in California at http://www.cdpr.ca.gov/docs/dept/factshts/prop65.htm.**

SAFETY TIP 9

**ALWAYS WASH YOUR HANDS** before eating, drinking, chewing gum, using your phone, smoking, or going to the bathroom.

fast, free, expert help
CALIFORNIA POISON CONTROL
1-800-222-1222

*If you don't get all the information you need in your training or want to make a pesticide use complaint, you should call your County Agricultural Commissioner, or the DPR for more information. You can find the Commissioner's number in your local white pages phone directory, by calling 1-87PestLine, or at: www.cdfa.ca.gov/exec/county/countymap/*

DPR's Regional Offices are:

- **Northern (West Sacramento) 916/376-8960**
- **Central (Clovis) 559/297-3511**
- **Southern (Anaheim) 714/279-7690**

All safety leaflets are available at: www.cdpr.ca.gov/docs/whs/psisenglish.htm

Pesticide Complaint?
1-87PestLine
INFORMATION LINE
1-877-378-5463

# ਕੀਟਨਾਸ਼ਕ ਸੁਰੱਖਿਆ ਜਾਣਕਾਰੀ

ਕੈਲੀਫ਼ੋਰਨੀਆ ਦੇ ਵਾਤਾਵਰਣ ਦੀ ਸੁਰੱਖਿਆ ਬਾਰੇ ਏਜੰਸੀ

dpr

A No. 9 ਪੋਸਟਰ

# ਫਾਰਮ ਵਰਕਰਾਂ ਲਈ ਕੀਟਨਾਸ਼ਕ ਸੁਰੱਖਿਆ ਨਿਯਮ

**ਤੁਹਾਡੀ ਟ੍ਰੇਨਿੰਗ ਅਤੇ ਇਹ ਲੀਫ਼ਲੈਟ (ਪਰਚਾ) ਤੁਹਾਨੂੰ ਕੰਮ ਤੇ ਕੀਟਨਾਸ਼ਕਾਂ ਦੇ ਖ਼ਤਰਿਆਂ ਬਾਰੇ ਜਾਣਕਾਰੀ ਦਿੰਦਾ ਹੈ।** ਕੀਟਨਾਸ਼ਕ ਉਹ ਰਸਾਇਣ ਹਨ, ਜਿਨ੍ਹਾਂ ਦੀ ਵਰਤੋਂ ਬੇਲੋੜੇ ਕੀੜਿਆਂ, ਨਦੀਨ, ਪੌਦਿਆਂ ਦੀਆਂ ਬੀਮਾਰੀਆਂ ਨੂੰ ਕੰਟਰੋਲ ਕਰਨ ਲਈ ਕੀਤੀ ਜਾਂਦੀ ਹੈ। ਜੇ ਤੁਸੀਂ ਖੇਤ ਵਿੱਚ, ਜੰਗਲ, ਗ੍ਰੀਨਹਾਉਸ, ਜਾਂ ਨਰਸਰੀ ਵਿੱਚ ਕੰਮ ਕਰਦੇ ਹੋ, ਤਾਂ ਤੁਹਾਡੇ ਮਾਲਕ ਨੂੰ ਇਸਤੇਮਾਲ ਕੀਤੇ ਜਾਣ ਵਾਲੇ ਕੀਟਨਾਸ਼ਕਾਂ ਬਾਰੇ ਪਤਾ ਹੋਣਾ ਚਾਹੀਦਾ ਹੈ ਅਤੇ ਤੁਹਾਨੂੰ ਇਹ ਸਿੱਖਣ ਵਿੱਚ ਸਹਾਇਤਾ ਕਰਨੀ ਚਾਹੀਦੀ ਹੈ ਕਿ ਤੁਸੀਂ ਆਪਣੇ ਆਪ ਨੂੰ ਕਿਸ ਤਰ੍ਹਾਂ ਸੁਰੱਖਿਅਤ ਰੱਖਣਾ ਹੈ। **ਖਾਦਾਂ, ਕੀਟਨਾਸ਼ਕ ਨਹੀਂ ਹਨ।**

**ਮਾਲਕ:** ਤੁਹਾਡੇ ਫਾਰਮ ਮੁਲਾਜ਼ਮਾਂ ਲਈ ਇਹ ਖ਼ਤਰਿਆਂ ਬਾਰੇ ਸੂਚਨਾ ਦਾ ਲੀਫ਼ਲੈਟ (ਪਰਚਾ) ਹੈ। ਇਸ ਲੀਫ਼ਲੈਟ ਵਿੱਚ ਖਾਲੀ ਲਾਈਨਾਂ ਭਰੋ ਅਤੇ ਇਸ ਲੀਫ਼ਲੈਟ ਦੀ ਕਾਪੀ ਮੁਲਾਜ਼ਮਾਂ ਦੇ ਕੰਮ ਵਾਲੀ ਥਾਂ, ਸਾਰੀਆਂ ਸਥਾਈ ਸ਼ੁਧੀਕਰਨ ਸਹੂਲਤਾਂ, ਅਤੇ 11 ਜਾਂ ਵੱਧ ਮੁਲਾਜ਼ਮਾਂ ਵਾਲੀਆਂ ਸ਼ੁਧੀਕਰਨ ਸਹੂਲਤਾਂ ਤੇ ਲਗਾਓ। ਜੇ ਬੇਨਤੀ ਕੀਤੀ ਗਈ ਹੈ, ਤਾਂ ਤੁਹਾਡਾ ਉਸ ਭਾਸ਼ਾ ਵਿੱਚ ਮੁਲਾਜ਼ਮ ਨੂੰ ਇਹ ਲੀਫ਼ਲੈਟ ਪੜ੍ਹ ਕੇ ਸੁਣਾਉਣਾ ਜ਼ਰੂਰੀ ਹੈ, ਜੋ ਉਹ ਸਮਝਦਾ ਹੈ।

## ਐਮਰਜੈਂਸੀ ਮੈਡੀਕਲ ਦੇਖਭਾਲ

ਤੁਹਾਡੇ ਮਾਲਕ ਨੂੰ ਉਸ ਥਾਂ 'ਤੇ ਤੁਹਾਡੇ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਮੈਡੀਕਲ ਦੇਖਭਾਲ ਲਈ ਯੋਜਨਾ ਬਣਾਉਣੀ ਚਾਹੀਦੀ ਹੈ, ਜਿੱਥੇ ਕੀਟਨਾਸ਼ਕਾਂ ਦਾ ਇਸਤੇਮਾਲ ਕੀਤਾ ਗਿਆ ਹੈ। ਤੁਹਾਨੂੰ ਜਾਂ ਤੁਹਾਡੇ ਸੁਪਰਵਾਈਜਰ ਨੂੰ ਡਾਕਟਰ ਦੇ ਸਥਾਨ ਬਾਰੇ ਪਤਾ ਹੋਣਾ ਚਾਹੀਦਾ ਹੈ। ਜੇ ਤੁਸੀਂ ਸੋਚਦੇ ਹੋ ਕਿ ਕੀਟਨਾਸ਼ਕ ਨਾਲ ਕੰਮ ਕਰਨ ਨਾਲ ਤੁਸੀਂ ਬੀਮਾਰ ਜਾਂ ਜ਼ਖਮੀ ਹੋਏ ਹੋ, ਤਾਂ ਫੌਰਨ ਆਪਣੇ ਮਾਲਕ ਨੂੰ ਦੱਸੋ। ਤੁਹਾਡੇ ਮਾਲਕ ਲਈ ਯਕੀਨੀ ਬਣਾਉਣਾ ਜ਼ਰੂਰੀ ਹੁੰਦਾ ਹੈ ਤੁਹਾਨੂੰ ਤੁਰੰਤ ਡਾਕਟਰ ਕੋਲ ਲਿਜਾਇਆ ਜਾਏ। ਜੇ ਤੁਸੀਂ ਕੰਮ ਤੇ ਬੀਮਾਰ ਹੋ ਜਾਓ ਤਾਂ ਖੁਦ ਡ੍ਰਾਈਵ ਕਰਕੇ ਡਾਕਟਰ ਕੋਲ ਨਾ ਜਾਓ।

**ਐਮਰਜੈਂਸੀ ਮੈਡੀਕਲ ਦੇਖਭਾਲ ਇੱਥੇ ਉਪਲਬਧ ਹੈ:**

ਨਾਮ: ____________________

ਪਤਾ: ____________________

ਟੇਲੀਫ਼ੋਨ: ____________________

ਜੇ ਹੋਰ ਥਾਂ ਦੀ ਲੋੜ ਹੈ, ਤਾਂ ਤੁਹਾਡਾ ਮਾਲਕ ਇਸ ਲੀਫ਼ਲੈਟ ਨਾਲ ਮੈਡੀਕਲ ਸਹੂਲਤਾਂ ਦੀ ਸੂਚੀ ਵੀ ਨੱਥੀ ਕਰ ਸਕਦਾ ਹੈ ਅਤੇ ਲਿਖ ਸਕਦਾ ਹੈ, ਉੱਪਰ ਦਿੱਤੀ ਥਾਂ ਵਿੱਚ "ਨੱਥੀ ਕੀਤੀ ਸੂਚੀ ਦੇਖੋ"।

**ਯਾਦ ਰੱਖੋ**: ਜੇ ਤੁਸੀਂ ਕੰਮ ਤੇ ਕੀਟਨਾਸ਼ਕਾਂ ਨਾਲ ਬੀਮਾਰ ਜਾਂ ਜ਼ਖਮੀ ਹੋਏ ਹੋ, ਤਾਂ ਤੁਹਾਨੂੰ ਮੈਡੀਕਲ ਦੇਖਭਾਲ ਲਈ ਕੋਈ ਰਕਮ ਅਦਾ ਨਹੀਂ ਕਰਨੀ ਚਾਹੀਦੀ।

## ਜੇ ਮੈਂ ਕੰਮ 'ਤੇ ਬੀਮਾਰ ਮਹਿਸੂਸ ਕਰਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਕੀਟਨਾਸ਼ਕ ਤੁਹਾਨੂੰ ਬੀਮਾਰ ਕਰ ਸਕਦੇ ਹਨ। ਕੀਟਨਾਸ਼ਕਾਂ ਨਾਲ ਜ਼ਹਰਿ ਫੈਲਣ ਦੇ ਉਹੀ ਲੱਛਣ ਹੁੰਦੇ ਹਨ, ਜੋ ਗਰਮੀ ਤੋਂ ਤਣਾਅ ਜਾਂ ਬੀਮਾਰੀ, ਜੋ ਫਲੂ ਹੋਣ, ਜਾਂ ਹੋਰ ਆਮ ਬੀਮਾਰੀਆਂ ਦੇ ਹੁੰਦੇ ਹਨ। ਜੇ ਤੁਹਾਨੂੰ ਸਰਿ ਦਰਦ ਹੈ, ਚੱਕਰ ਆ ਰਹੇ ਹਨ, ਖਾਂਸੀ, ਅੱਖਾਂ ਵੱਿਚ ਦਰਦ, ਨਜ਼ਰ ਵੱਿਚ ਧੁੰਦਲਾਪਣ, ਅੱਖਾਂ ਵੱਿਚ ਜਲਨ, ਪੇਟ ਖਰਾਬ ਹੋਣਾ, ਫਲੂ ਵਰਗੇ ਲੱਛਣ, ਜਾਂ ਖੇਤਰ ਵੱਿਚ ਕੰਮ ਕਰਦਆਿਂ ਧੱਫੜ ਹੋ ਜਾਣ, ਤਾਂ ਆਪਣੇ ਮਾਲਕ ਨੂੰ ਕਹੋ ਕ ਿਉਹ ਤੁਹਾਨੂੰ ਡਾਕਟਰ ਕੋਲ ਲੈ ਜਾਏ। ਖੇਤ ਵੱਿਚੋਂ ਪੌਦਆਿਂ ਅਤੇ ਕੀੜਆਿਂ ਤੋਂ ਵੀ ਚਮੜੀ 'ਤੇ ਧੱਫੜ ਪੈ ਸਕਦੇ ਹਨ।

**ਜੇ ਤੁਸੀਂ ਮੰਨਦੇ**

**ਹੋ ਕਿ ਕੀਟਨਾਸ਼ਕ ਨਾਲ ਕੰਮ ਕਰਨ ਨਾਲ ਤੁਸੀਂ ਬੀਮਾਰ ਹੋਏ ਹੋ, ਤਾਂ ਫੌਰਨ ਆਪਣੇ ਮਾਲਕ ਨੂੰ ਦੱਸੋ। ਤੁਹਾਡੇ ਮਾਲਕ ਲਈ ਯਕੀਨੀ ਬਣਾਉਣਾ ਜ਼ਰੂਰੀ ਹੁੰਦਾ ਹੈ ਤੁਹਾਨੂੰ ਤੁਰੰਤ ਡਾਕਟਰ ਕੋਲ ਲਿਜਾਇਆ ਜਾਏ।**

## ਮੇਰੇ ਹੱਕ ਕੀ ਹਨ?

ਤੁਹਾਡੇ ਮਾਲਕ ਨੂੰ, ਤੁਹਾਡੇ ਹੱਕ ਤੁਹਾਨੂੰ ਸਪਸ਼ਟ ਕਰਨੇ ਚਾਹੀਦੇ ਹਨ। ਜੇ ਤੁਹਾਨੂੰ ਆਪਣੇ ਹੱਕਾਂ ਨੂੰ ਸਮਝਣ ਵਿੱਚ ਸਹਾਇਤਾ ਦੀ ਲੋੜ ਹੈ, ਤਾਂ ਆਪਣੀ ਸਥਾਨਕ ਕਾਉਂਟੀ ਦੇ ਐਗਰੀਕਲਚਰ ਕਮਿਸ਼ਨਰ ਦੇ ਦਫ਼ਤਰ, ਸਥਾਨਕ ਕਾਨੂੰਨੀ ਸਹਾਇਤਾ ਅਤੇ ਕਾਮੇ ਦੇ ਅਧਿਕਾਰਾਂ ਸਬੰਧੀ ਸੰਗਠਨ, ਯੂਨੀਅਨ, ਜਾਂ ਕੀਟਨਾਸ਼ਕ ਦੇ ਕਾਨੂੰਨਾਂ ਅਤੇ ਨਿਯਮਾਂ ਬਾਰੇ ਵਿਭਾਗ (DPR) ਨੂੰ ਕਾਲ ਕਰੋ ਜਾਂ ਉਨ੍ਹਾਂ ਕੋਲ ਜਾਓ

### 1. ਜਾਣਨ ਦਾ ਹੱਕ

ਤੁਹਾਨੂੰ ਉਨ੍ਹਾਂ ਕੀਟਨਾਸ਼ਕਾਂ ਬਾਰੇ ਜਾਣਕਾਰੀ ਲੈਣ ਦਾ ਹੱਕ ਹੈ, ਜਿਨ੍ਹਾਂ ਦਾ ਤੁਸੀਂ ਹਾਲ ਵਿੱਚ ਹੀ ਕੰਮ ਕਰਦਿਆਂ ਇਸਤੇਮਾਲ ਕੀਤਾ ਹੈ:

- ਕੀਟਨਾਸ਼ਕ ਇਸਤੇਮਾਲ ਕੀਤੀ ਫਸਲ ਜਾਂ ਸਾਈਟ।
- ਜਿੱਥੇ ਕੀਟਨਾਸ਼ਕ ਇਸਤੇਮਾਲ ਕੀਤਾ ਗਿਆ ਸੀ।
- ਇਸਤੇਮਾਲ ਕਦੋਂ ਸ਼ੁਰੂ ਅਤੇ ਕਦੋਂ ਖ਼ਤਮ ਹੋਇਆ ਸੀ।
- ਦਾਖਲੇ ਦੀ ਪਾਬੰਦੀ ਵਾਲਾ ਵਕਫ਼ਾ (REI)।
- ਕੀਟਨਾਸ਼ਕ ਦਾ ਨਾਮ, ਸਰਗਰਮ ਤੱਤ, ਅਤੇ ਅਮਰੀਕੀ ਈਪੀਏ ਜਾਂ ਕੈਲੀਫ਼ੋਰਨੀਆ ਪੰਜੀਕਰਣ ਸੰਖਿਆ।
- ਇਸਤੇਮਾਲ ਕੀਤੇ ਕੀਟਨਾਸ਼ਕ ਲਈ ਸੁਰੱਖਿਆ ਡੇਟਾ ਸ਼ੀਟ।

ਤੁਹਾਡੇ ਮਾਲਕ ਨੂੰ ਤੁਹਾਨੂੰ ਦੱਸਣਾ ਚਾਹੀਦਾ ਹੈ ਕਿ ਇਹ ਜਾਣਕਾਰੀ ਕਿੱਥੇ ਰੱਖੀ ਜਾਂਦੀ ਹੈ, ਅਤੇ ਜੇ ਇਸ ਜਾਣਕਾਰੀ ਵਿੱਚ ਤਬਦੀਲੀ ਹੁੰਦੀ ਹੈ ਤਾਂ ਤੁਹਾਨੂੰ ਦੱਸਣਾ ਚਾਹੀਦਾ ਹੈ। ਹਾਲ ਵਿੱਚ ਹੋਏ ਇਸਤੇਮਾਲ ਲਈ, ਤੁਹਾਡੇ ਮਾਲਕ ਨੂੰ ਇਹ ਇੰਤਜ਼ਾਮ ਕਰਨਾ ਚਾਹੀਦਾ ਹੈ ਕਿ ਤੁਸੀਂ ਜਦੋਂ ਵੀ ਚਾਹੋ ਇਹ ਰਿਕਾਰਡ ਬਿਨਾਂ ਕਿਸੇ ਨੂੰ ਪੁੱਛੇ ਵੇਖ ਸਕਦੇ ਹੋ। ਤੁਹਾਨੂੰ ਪੁਰਾਣੇ ਰਿਕਾਰਡ ਵੇਖਣ ਲਈ ਕਹਿਣਾ ਪੈ ਸਕਦਾ ਹੈ।

**ਤੁਸੀਂ ਹਾਲ ਵਿੱਚ ਇਸਤੇਮਾਲ ਕੀਤੇ ਕੀਟਨਾਸ਼ਕ ਬਾਰੇ ਇੱਥੋਂ ਜਾਣਕਾਰੀ ਦੇਖ ਸਕਦੇ ਹੋ:**

(ਮਾਲਕ: ਇਹ ਇਸਤੇਮਾਲ-ਵਿਸ਼ੇਸ਼ ਜਾਣਕਾਰੀ ਹੈ)

ਪਤਾ: ____________________

ਜਾਣਕਾਰੀ ਕਵਿੇਂ ਪ੍ਰਾਪਤ ਕੀਤੀ ਜਾਏ: ____________________

ਜੇ ਹੋਰ ਥਾਂ ਦੀ ਲੋੜ ਹੈ, ਤਾਂ ਤੁਹਾਡਾ ਮਾਲਕ ਇਸ ਲੀਫ਼ਲੈਟ ਨਾਲ ਉਤਪਾਦਕ ਦੇ ਨਾਮ, ਪਤੇ, ਅਤੇ ਵਰਣਨਾਂ ਦੀ ਸੂਚੀ ਵੀ ਨੱਥੀ ਕਰ ਸਕਦਾ ਹੈ ਅਤੇ ਲਖਿ ਸਕਦਾ ਹੈ, ਉੱਪਰ ਦੱਿਤੀ ਥਾਂ ਵੱਿਚ "ਨੱਥੀ ਕੀਤੀ ਸੂਚੀ ਦੇਖੋ"।

### 2. ਮੁਲਾਜ਼ਮ ਦੇ ਮੁਆਵਜ਼ੇ ਦਾ ਹੱ

ਜੇ ਤੁਸੀਂ **ਆਪਣੇ ਕੰਮ ਕਾਰਨ** ਬੀਮਾਰ ਜਾਂ ਜ਼ਖਮੀ ਹੋ ਜਾਂਦੇ ਹੋ, ਤਾਂ ਤੁਹਾਨੂੰ ਵਰਕਰ ਦੇ ਮੁਆਵਜ਼ੇ ਲਈ ਅਰਜ਼ੀ ਦਾਇਰ ਕਰਨ ਦਾ ਹੱਕ ਹੈ। ਮੁਲਾਜ਼ਮ ਦੇ ਮੁਆਵਜ਼ੇ ਵਿੱਚ ਤੁਹਾਨੂੰ ਤੁਹਾਡੇ ਮੈਡੀਕਲ ਬਿਲਾਂ ਦੀ ਅਦਾਇਗੀ ਕੀਤੀ ਜਾਏਗੀ ਅਤੇ ਕਦੀ-ਕਦੀ ਬਿਨਾਂ ਕੰਮ ਕਰਨ ਵਾਲੇ ਦਿਨਾਂ ਦੀ ਤਨਖ਼ਾਹ ਵੀ ਦਿੱਤੀ ਜਾਏਗੀ।

### 3. ਟ੍ਰੇਨਿੰਗ ਰਕਿਾਰਡਾਂ ਤੱਕ ਪਹੁੰਚ ਅਤੇ ਸਮੀਖਿਆ ਦਾ ਹੱਕ

ਤੁਹਾਨੂੰ ਆਪਣੇ ਮਾਲਕ ਤੋਂ ਆਪਣੇ ਸੁਰੱਖਿਆ ਟ੍ਰੇਨਿੰਗ ਰਕਿਾਰਡ ਵੇਖਣ ਦਾ ਹੱਕ ਹੈ। ਇਹ ਰਕਿਾਰਡ ਹੇਠ ਲਖਿੀ ਥਾਂ 'ਤੇ ਰੱਖੇ ਜਾਂਦੇ ਹਨ

ਪਤਾ: ____________________

### 4. ਜਾਣਕਾਰੀ ਲੈਣ ਦਾ ਹੱਕ

ਤੁਸੀਂ, ਤੁਹਾਡਾ ਡਾਕਟਰ ਜਾਂ ਤੁਹਾਡਾ ਕਨੂੰਨੀ ਨੁਮਾਇੰਦਾ, ਉਤਪਾਦਕ ਜਾਂ ਤੁਹਾਡੇ ਮਾਲਕ ਤੋਂ ਜਾਣਕਾਰੀ ਲੈ ਸਕਦਾ ਹੈ। ਇਸ ਵਿੱਚ ਸ਼ਾਮਲ ਹੈ, ਕਿਹੜੇ ਕੀਟਨਾਸ਼ਕ ਖੇਤ ਵਿੱਚ ਇਸਤੇਮਾਲ ਕੀਤੇ ਗਏ ਸਨ ਜਾਂ ਹੋਰ ਕੀਟਨਾਸ਼ਕ ਰਿਕਾਰਡ, ਜੋ ਉਤਪਾਦਕ ਜਾਂ ਤੁਹਾਡੇ ਮਾਲਕ ਲਈ ਰੱਖਣੇ ਜ਼ਰੂਰੀ ਹਨ।

### 5. ਅਸੁਰੱਖਿਅਤ ਸਥਤਿੀਆਂ ਦੀ ਰਪਿਰੋਟ ਕਰਨ ਦਾ ਹੱਕ

ਮੁਲਾਜ਼ਮਾਂ ਲਈ ਕੀਟਨਾਸ਼ਕਾਂ ਤੋਂ ਸੁਰੱਖਿਆ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਅਤੇ DPR ਦੀ ਮੁੱਖ ਤਰਜੀਹ ਹੈ। ਤੁਹਾਨੂੰ ਸਜ਼ਾ ਮਿਲਣ ਜਾਂ ਨੌਕਰੀ ਤੋਂ ਕੱਢੇ ਜਾਣ ਦੇ ਡਰ ਤੋਂ ਬਿਨਾਂ ਅਸੁਰੱਖਿਅਤ ਕੀਟਨਾਸ਼ਕਾਂ ਨਾਲ ਕੰਮ ਕਰਨ ਦੀਆਂ ਸਥਿਤੀਆਂ ਅਤੇ ਸ਼ੱਕੀ ਕੀਟਨਾਸ਼ਕ ਦੇ ਇਸਤੇਮਾਲ ਸਬੰਧੀ ਉਲੰਘਣਾ ਦੀ ਰਿਪੋਰਟ ਕਰਨ ਦਾ ਹੱਕ ਹੈ। ਨਾ ਤਾਂ ਉਤਪਾਦਕ ਨੂੰ ਅਤੇ ਨਾ ਹੀ ਤੁਹਾਡੇ ਮਾਲਕ ਨੂੰ ਦੱਸਿਆ ਜਾਏਗਾ ਕਿ ਸ਼ਿਕਾਇਤ ਕਿਸਨੇ ਕੀਤੀ ਹੈ। ਸੁਰੱਖਿਆ ਸਮੱਸਿਆਵਾਂ ਬਾਰੇ ਤੁਹਾਡੇ ਬਿਆਨਾਂ ਦੀ ਫੌਰਨ ਜਾਂਚ ਹੋਣੀ ਚਾਹੀਦੀ ਹੈ।

### 6. ਬਦਲੇ ਤੋਂ ਸੁਰੱਖਿਆ ਦਾ ਹੱਕ

ਤੁਹਾਨੂੰ ਆਪਣੇ ਕਿਸੇ ਵੀ ਹੱਕਾਂ ਦਾ ਇਸਤੇਮਾਲ ਕਰਨ ਦੇ ਕਾਰਨ ਨੌਕਰੀ ਤੋਂ ਕੱਢੇ ਜਾਣ ਤੋਂ, ਪੱਖਪਾਤ ਤੋਂ, ਅਤੇ ਕਿਸੇ ਵੀ ਬਦਲੇ ਦੀ ਕਾਰਵਾਈ ਤੋਂ ਸੁਰੱਖਿਅਤ ਰੱਖਿਆ ਜਾਂਦਾ ਹੈ।

## ਮੈਂ ਕੰਮ 'ਤੇ ਖ਼ਤਰਿਆਂ ਬਾਰੇ ਕਿਸਨੂੰ ਦੱਸਾਂ?

ਤੁਹਾਡੇ ਕੰਮ ਵਾਲੀ ਥਾਂ 'ਤੇ ਸਿਰਫ਼ ਇੱਕੋ ਕਿਸਮ ਦਾ ਖ਼ਤਰਾ ਕੀਟਨਾਸ਼ਕ ਦਾ ਹੈ। ਜੇ ਤੁਹਾਨੂੰ ਕੀਟਨਾਸ਼ਕ ਸੁਰੱਖਿਆ ਬਾਰੇ ਸ਼ਿਕਾਇਤ ਹੈ, ਤਾਂ ਆਪਣੇ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਨੂੰ ਕਾਲ ਕਰੋ। ਤੁਹਾਡੀ ਸਥਾਨਕ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਦਾ ਦਫ਼ਤਰ ਇੱਥੇ ਹੈ:

ਪਤਾ: ____________________

ਟੇਲੀਫ਼ੋਨ: ____________________

ਜੇ ਤੁਹਾਨੂੰ ਸਿਹਤ ਅਤੇ ਸੁਰੱਖਿਆ ਸਬੰਧੀ ਦੂਜੀਆਂ ਸ਼ਿਕਾਇਤਾਂ (ਗੁਸਲਖ਼ਾਨਿਆਂ, ਗਰਮੀ ਤੋਂ ਤਣਾਓ, ਪੀਣ ਵਾਲੇ ਪਾਣੀ ਆਦਿ ਬਾਰੇ) ਹਨ, ਉਹਨਾਂ ਨੂੰ ਉਦਯੋਗਿਕ ਸਬੰਧਾਂ ਦੇ ਕੈਲੀਫ਼ੋਰਨੀਆ ਵਿਭਾਗ (California Department of Industrial Relations) Cal/OSHA ਦਫ਼ਤਰ ਕੋਲ ਇਸ ਨੰਬਰ ਤੇ ਕਾਲ ਕਰਕੇ ਦਰਜ ਕਰਾਓ: 1-844-522-6734.

## ਕੀਟਨਾਸ਼ਕਾਂ ਤੋਂ ਮੈਂ ਆਪਣੇ ਆਪ ਨੂੰ ਕਿਸ ਤਰ੍ਹਾਂ ਸੁਰੱਖਿਅਤ ਰੱਖ ਸਕਦਾ ਹਾਂ?

ਇਸ ਲੀਫ਼ਲੈਟ (ਪਰਚੇ) ਅਤੇ ਤੁਹਾਡੀ ਸੁਰੱਖਿਆ ਟ੍ਰੇਨਿੰਗ ਤੋਂ ਸਾਰੀ ਜਾਣਕਾਰੀ ਲਓ। **ਸੁਰੱਖਿਅਤ ਰਹੋ।** ਜਾਣੋ ਕ ਿਕੱਿਥੇ ਤੁਹਾਡੇ ਤੇ ਕੀਟਨਾਸ਼ਕਾਂ ਦਾ ਪ੍ਰਭਾਵ ਹੋ ਸਕਦਾ ਹੈ। ਜੇ ਤੁਹਾਡਾ ਮਾਲਕ ਤੁਹਾਨੂੰ ਖੇਤ ਤੋਂ ਦੂਰ ਰਹਣਿ ਲਈ ਕਹੰਿਦਾ ਹੈ, ਤਾਂ ਉੱਥੇ ਨਾ ਜਾਓ। ਜਸਿ ਉਪਕਰਨ ਨਾਲ ਕੀਟਨਾਸ਼ਕਾਂ ਦਾ ਇਸਤੇਮਾਲ ਕੀਤਾ ਜਾ ਰਹਿਾ ਹੋਵੇ, ਉਸਤੋਂ ਦੂਰ ਰਹੋ। ਖੇਤ ਵੱਿਚ ਕੰਮ ਕਰਨ ਤੋਂ ਬਾਅਦ, ਖਾਣ, ਪੀਣ, ਚਉਿਂਗਮ ਚਬਾਉਣ, ਆਪਣਾ ਫੋਨ ਵਰਤਣ, ਤੰਮਾਕੂਨੋਸ਼ੀ ਕਰਨ, ਜਾਂ ਬਾਥਰੂਮ ਜਾਣ ਤੋਂ ਪਹਲਿਾਂ ਹਮੇਸ਼ਾਂ ਆਪਣੇ ਹੱਥ ਧੋਵੋ। ਦਨਿ ਦੇ ਅਖ਼ੀਰ ਵੱਿਚ, ਆਪਣੇ ਘਰ ਵੱਿਚ ਜਾਣ ਤੋਂ ਪਹਲਿਾਂ ਆਪਣੇ ਬੂਟ ਜਾਂ ਜੁੱਤੀਆਂ ਉਤਾਰੋ ਅਤੇ ਆਪਣੇ ਕੰਮ ਦੇ ਕੱਪੜੇ ਉਤਾਰ ਦਓਿ। ਕੰਮ ਕਰਨ ਤੋਂ ਬਾਅਦ ਜੰਿਨੀ ਜਲਦੀ ਹੋ ਸਕੇ, ਸਾਬੁਣ ਅਤੇ ਸ਼ੈਂਪੂ ਨਾਲ ਨਹਾਓ ਅਤੇ ਵਾਲ ਧੋਵੋ ਅਤੇ ਸਾਫ਼ ਕੱਪੜੇ ਬਦਲ ਲਵੋ। ਦੁਬਾਰਾ ਪਹਨਿਣ ਤੋਂ ਪਹਲਿਾਂ ਆਪਣੇ ਕੰਮ ਦੇ ਕੱਪੜੇ ਧੋਵੋ।

**ਕੰਮ ਵਾਲੇ ਕਪੜਿਆਂ ਨੂੰ**
**ਬਾਕੀ ਦੇ ਮੈਲੇ ਕਪੜਿਆਂ ਤੋਂ ਵੱਖ ਕਰਕੇ ਧੋਵੋ।**

## ਜਦੋਂ ਮੈਂ ਖੇਤ ਵਿੱਚ ਕੰਮ ਕਰਦਾ ਹਾਂ, ਤਾਂ ਮੇਰੇ ਮਾਲਕ ਨੂੰ ਮੈਨੂੰ ਹੱਥ ਮੂੰਹ ਧੋਣ ਲਈ ਕੀ ਦੇਣਾ ਚਾਹੀਦਾ ਹੈ?

ਜਦੋਂ ਤੁਸੀਂ ਖੇਤ ਵਿੱਚ ਕੰਮ ਕਰਦੇ ਹੋ, ਜਿਸ 'ਤੇ ਕੀਟਨਾਸ਼ਕ ਇਸਤੇਮਾਲ ਕੀਤੇ ਗਏ ਹਨ, ਉੱਥੇ ਸਾਬੁਣ, ਸਾਫ਼ ਪਾਣੀ, ਅਤੇ ਪੇਪਰ ਤੌਲੀਏ ਹੋਣੇ ਚਾਹੀਦੇ ਹਨ। ਇਹ ਤੁਹਾਡੇ ਹੱਥਾਂ ਅਤੇ ਮੂੰਹ ਧੋਣ ਲਈ, ਅਤੇ ਐਮਰਜੈਂਸੀ ਵਿੱਚ ਅੱਖਾਂ ਵਿੱਚ ਛਿੱਟੇ ਮਾਰਨ ਲਈ ਹੈ। ਤੁਹਾਨੂੰ ਖੇਤ ਵਿੱਚ ਕੰਮ ਕਰਨ ਤੋਂ ਪਹਿਲਾਂ ਦੱਸਿਆ ਜਾਣਾ ਚਾਹੀਦਾ ਹੈ ਕਿ ਇਹ ਚੀਜ਼ਾਂ ਕਿੱਥੇ ਹਨ। ਜੇ ਤੁਹਾਡੇ ਤੇ ਕੀਟਨਾਸ਼ਕ ਡੁੱਲ੍ਹ ਜਾਂ ਪੈ ਗਿਆ ਹੈ, ਤਾਂ ਇਸ ਸਾਮਾਨ ਨਾਲ ਫੌਰਨ ਧੋਵੋ, ਅਤੇ ਆਪਣੇ ਮਾਲਕ ਨੂੰ ਦੱਸੋ।

## ਮੈਨੂੰ ਟ੍ਰੇਨਿੰਗ ਦੀ ਕਦੋਂ ਲੋੜ ਹੈ ਅਤੇ ਇਸ ਵਿੱਚ ਕੀ ਸ਼ਾਮਲ ਹੁੰਦਾ ਹੈ?

ਜਿੱਥੇ ਕੀਟਨਾਸ਼ਕਾਂ ਦਾ ਹਾਲ ਵਿੱਚ ਹੀ ਇਸਤੇਮਾਲ ਕੀਤਾ ਗਿਆ ਹੈ, ਉਨ੍ਹਾਂ ਖੇਤਾਂ ਵਿੱਚ ਕੰਮ ਕਰਨ ਤੋਂ ਪਹਿਲਾਂ ਤੁਹਾਨੂੰ ਟ੍ਰੇਨਿੰਗ ਮਿਲਣੀ ਚਾਹੀਦੀ ਹੈ ਅਤੇ ਇਸ ਤੋਂ ਬਾਅਦ ਹਰ ਸਾਲ ਮੁੜ ਟ੍ਰੇਨਿੰਗ ਦੇਣੀ ਚਾਹੀਦੀ ਹੈ। ਕੀਟਨਾਸ਼ਕ ਸੁਰੱਖਿਆ ਟ੍ਰੇਨਿੰਗ ਤੁਹਾਡੀ ਸਮਝ ਵਿੱਚ ਆਉਣ ਵਾਲੀ ਭਾਸ਼ਾ ਵਿੱਚ ਹੋਣੀ ਚਾਹੀਦੀ ਹੈ, ਅਤੇ ਯੋਗ ਟ੍ਰੇਨਰ ਵੱਲੋਂ ਦਿੱਤੀ ਜਾਣੀ ਚਾਹੀਦੀ ਹੈ। ਤੁਹਾਨੂੰ ਬਿਨਾਂ ਵਿਘਨ ਵਾਲੇ ਕਿਸੇ ਸਥਾਨ 'ਤੇ ਸਿੱਖਿਅਤ ਕੀਤਾ ਜਾਣਾ ਚਾਹੀਦਾ ਹੈ ਅਤੇ ਟ੍ਰੇਨਿੰਗ ਦੇ ਸਮੇਂ ਤੁਹਾਡਾ ਟ੍ਰੇਨਿੰਗ ਹਰ ਵੇਲੇ ਤੁਹਾਡੇ ਨਾਲ ਹੋਣਾ ਚਾਹੀਦਾ ਹੈ। ਤੁਹਾਡੇ ਮਾਲਕ ਨੂੰ ਤੁਹਾਡੀ ਟ੍ਰੇਨਿੰਗ ਦਾ ਰਿਕਾਰਡ ਰੱਖਣਾ ਚਾਹੀਦਾ ਹੈ ਅਤੇ ਕਿਸੇ ਵੀ ਸਮੇਂ ਤੁਹਾਡੇ ਮੰਗਣ 'ਤੇ ਤੁਹਾਡੇ ਲਈ ਉਪਲਬਧ ਕਰਾਉਣਾ ਚਾਹੀਦਾ ਹੈ।

ਤੁਹਾਡੇ ਮਾਲਕ ਨੂੰ ਤੁਹਾਨੂੰ ਇਨ੍ਹਾਂ ਬਾਰੇ ਸਿੱਖਿਅਤ ਕਰਨਾ ਚਾਹੀਦਾ ਹੈ




### 1. ਸਹਿਤ ਸਬੰਧੀ ਪ੍ਰਭਾਵ

- ਕੀਟਨਾਸ਼ਕ ਤੁਹਾਨੂੰ ਕਿਸ ਤਰ੍ਹਾਂ ਜ਼ਖਮੀ ਕਰ ਸਕਦੇ ਹਨ ਜਾਂ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਨੂੰ ਕਿਸ ਤਰ੍ਹਾਂ ਬੀਮਾਰ ਕਰ ਸਕਦੇ ਹਨ।
- ਕੀਟਨਾਸ਼ਕਾਂ ਤੋਂ ਆਪਣੇ ਆਪ ਦੀ ਅਤੇ ਆਪਣੇ ਪਰਿਵਾਰ ਦੀ ਸੁਰੱਖਿਆ ਕਿਸ ਤਰ੍ਹਾਂ ਕਰਨੀ ਹੈ (ਖ਼ਾਸ ਕਰਕੇ ਬੱਚਿਆਂ ਅਤੇ ਗਰਭਵਤੀ ਇਸਤਰੀਆਂ ਦੀ)।
- ਜੇ ਕੀਟਨਾਸ਼ਕ ਤੁਹਾਡੇ ਸਰੀਰ ਦੇ ਅੰਦਰ ਚਲੇ ਜਾਣ ਜਾਂ ਤੁਹਾਡੇ ਉੱਤੇ ਪੈ ਜਾਣ ਤਾਂ ਤੁਹਾਨੂੰ ਕਿਹੋ ਜਿਹਾ ਮਹਿਸੂਸ ਹੋ ਸਕਦਾ ਹੈ ਜਾਂ ਤੁਸੀਂ ਕਿਸ ਤਰ੍ਹਾਂ ਦਿਖਾਈ ਦੇ ਸਕਦੇ ਹੋ।
- ਕੀਟਨਾਸ਼ਕ ਤੁਹਾਡੇ ਸਰੀਰ ਅੰਦਰ ਕਿਸ ਤਰ੍ਹਾਂ ਜਾ ਸਕਦੇ ਹਨ।
- ਜੇ ਬਹੁਤੀ ਗਰਮੀ ਨਾਲ ਤੁਸੀਂ ਬੀਮਾਰ ਹੋ ਜਾਂਦੇ ਹੋ ਤਾਂ ਤੁਸੀਂ ਕਿਸ ਤਰ੍ਹਾਂ ਮਹਿਸੂਸ ਕਰੋਗੇ ਜਾਂ ਦਿੱਸੋਗੇ ਅਤੇ ਮੁੱਢਲੀ ਡਾਕਟਰੀ ਸਹਾਇਤਾ ਲਈ ਕੀ ਕਰੋਗੇ।

### 2. ਕੀਟਨਾਸ਼ਕ ਤੋਂ ਸੁਰੱਖਿਆ

- ਤੁਹਾਡੇ ਕੰਮ ਦੀਆਂ ਥਾਵਾਂ, ਜਿੱਥੇ ਕੀਟਨਾਸ਼ਕ ਤੁਹਾਡੇ ਅੰਦਰ ਜਾ ਸਕਦਾ ਹੈ ਜਾਂ ਤੁਹਾਡੇ 'ਤੇ ਪੈ ਸਕਦਾ ਹੈ।
- ਫਸਟ ਏਡ ਅਤੇ ਐਮਰਜੈਂਸੀ ਵਿੱਚ ਕੀਟਨਾਸ਼ਕ ਧੋਣ ਦੇ ਤਰੀਕੇ, ਅੱਖਾਂ ਨੂੰ ਧੋਣ ਸਮੇਤ।
- ਐਮਰਜੈਂਸੀ ਮੈਡੀਕਲ ਦੇਖਭਾਲ ਕਿਵੇਂ, ਕਦੋਂ, ਅਤੇ ਕਿੱਥੋਂ ਪ੍ਰਾਪਤ ਕੀਤੀ ਜਾਵੇ।
- ਕੰਮ ਤੇ ਕਿਹੋ ਜਿਹੇ ਕੱਪੜੇ ਪਹਿਨੇ ਜਾਣ ਅਤੇ ਆਪਣੇ ਕੰਮ ਦੇ ਕੱਪੜਿਆਂ ਨੂੰ ਕਿਵੇਂ ਧੋਣਾ ਹੈ।
- ਕੰਮ ਤੋਂ ਬਾਅਦ ਤੁਹਾਨੂੰ ਕੀਟਨਾਸ਼ਕ ਨੂੰ ਕਿਉਂ ਅਤੇ ਕਿਵੇਂ ਧੋਣਾ ਚਾਹੀਦਾ ਹੈ।
- ਤੁਹਾਨੂੰ ਕੀਟਨਾਸ਼ਕਾਂ ਨੂੰ ਕੰਮ ਤੋਂ ਘਰ ਕਿਉਂ ਨਹੀਂ ਲਿਜਾਣਾ ਚਾਹੀਦਾ।
- ਦਰਸਾਏ ਗਏ ਸੰਕੇਤਾਂ ਅਤੇ ਪ੍ਰਤਿਬੰਧਤ ਪ੍ਰਵੇਸ਼ ਅੰਤਰਾਲ ਦਾ ਕੀ ਮਤਲਬ ਹੈ।
- ਇਸਦਾ ਮਤਲਬ ਹੈ ਕਿ ਤੁਹਾਡੇ ਮਾਲਕ ਨੂੰ ਤੁਹਾਨੂੰ ਇਸਤੇਮਾਲ ਦੇ ਪਾਬੰਦੀ ਵਾਲੀਆਂ ਥਾਵਾਂ ਤੋਂ ਬਾਹਰ ਰੱਖਣਾ ਚਾਹੀਦਾ ਹੈ।
- ਤੁਹਾਡੇ ਮਾਲਕ ਨੂੰ ਦਾਖਲੇ ਦੀ ਪਾਬੰਦੀ ਵਾਲਾ ਵਕਫ਼ਾ ਦੇ ਦੌਰਾਨ ਖੇਤਰ ਤੁਹਾਡੇ ਦਾਖ਼ਲ ਹੋਣ ਤੋਂ ਪਹਿਲਾਂ ਤੁਹਾਨੂੰ ਕੀ ਦੇਣਾ ਚਾਹੀਦਾ ਹੈ।
- ਸ਼ੱਕੀ ਕੀਟਨਾਸ਼ਕ ਉਲੰਘਣਾਂ ਦੀ ਰਿਪੋਰਟ ਕਿਵੇਂ ਕਰਨੀ ਹੈ
- ਇੱਕ ਮੁਲਾਜ਼ਮ ਵਜੋਂ ਤੁਹਾਡੇ ਹੱਕ।

ਤੁਹਾਡੀ ਟ੍ਰੇਨਿੰਗ ਬਾਰੇ ਜਾਣਕਾਰੀ ਲਿਖਤੀ ਰੂਪ ਵਿੱਚ ਹੋਣੀ ਚਾਹੀਦੀ ਹੈ। ਤੁਹਾਨੂੰ ਦਸਤਖ਼ਤ ਕਰਨ ਲਈ ਇੱਕ ਕਾਗਜ਼ ਦਿੱਤਾ ਜਾਏਗਾ ਕਿ ਤੁਹਾਨੂੰ ਟ੍ਰੇਨਿੰਗ ਦਿੱਤੀ ਗਈ ਹੈ। ਇਸ 'ਤੇ ਟ੍ਰੇਨਿੰਗ ਖ਼ਤਮ ਹੋਣ ਅਤੇ ਜੋ ਕੁਝ ਤੁਸੀਂ ਸੁਣਿਆ ਹੈ, ਉਸ ਨੂੰ ਪੂਰੀ ਤਰ੍ਹਾਂ ਸਮਝ ਲੈਣ ਤੋਂ ਬਾਅਦ ਹੀ ਦਸਤਖ਼ਤ ਕਰੋ।

ਤੁਹਾਨੂੰ ਉਦੋਂ ਤੱਕ ਕੀਟਨਾਸ਼ਕਾਂ ਨੂੰ ਰਲਾਉਣ, ਲੱਦਣ, ਜਾਂ ਇਸਤੇਮਾਲ ਕਰਨ ਲਈ ਨਹੀਂ ਕਿਹਾ ਜਾ ਸਕਦਾ, ਜਦੋਂ ਤੱਕ ਤੁਹਾਡੇ ਮਾਲਕ ਵੱਲੋਂ ਉਸ ਕੰਮ ਨੂੰ ਸੁਰੱਖਿਅਤ ਤਰੀਕੇ ਨਾਲ ਕਰਨ ਲਈ ਤੁਹਾਨੂੰ ਟ੍ਰੇਨਿੰਗ ਨਹੀਂ ਦਿੱਤੀ ਜਾਂਦੀ (A-8 ਸੁਰੱਖਿਆ ਲੀਫ਼ਲੈਟ ਵਿੱਚ ਕੀਟਨਾਸ਼ਕਾਂ ਨੂੰ ਸੁਰੱਖਿਅਤ ਤਰੀਕੇ ਨਾਲ ਇਸਤੇਮਾਲ ਕਰਨ ਬਾਰੇ ਹੋਰ ਜਾਣਕਾਰੀ ਹੈ)।

## ਮੇਰੇ ਨੇੜੇ ਕੀਟਨਾਸ਼ਕਾਂ ਦੇ ਇਸਤੇਮਾਲ ਬਾਰੇ ਮੈਨੂੰ ਕੀ ਦੱਸਿਆ ਜਾਏਗਾ?

ਤੁਹਾਡੇ ਮਾਲਕ ਨੂੰ ਤੁਹਾਡੇ ਨੇੜੇ ਦੀ ਪ੍ਰਾਪਰਟੀ ਤੇ ਕੀਟਨਾਸ਼ਕਾਂ ਦੇ ਇਸਤੇਮਾਲ ਬਾਰੇ ਦੱਸਣਾ ਚਾਹੀਦਾ ਹੈ ਜਾਂ ਉਤਪਾਦਕ ਨੂੰ ਉਨ੍ਹਾਂ ਖੇਤਾਂ ਵੱਿਚ ਚੇਤਾਵਨੀ ਸੰਕੇਤਕ ਚੰਿਨ੍ਹ ਲਾਉਣੇ ਚਾਹੀਦੇ ਹਨ, ਜਨਿ੍ਹਾਂ 'ਤੇ ਕੀਟਨਾਸ਼ਕਾਂ ਦਾ ਇਸਤੇਮਾਲ ਹੋ ਰਹਿਾ ਹੈ। ਜਦੋਂ ਤੁਹਾਡੇ ਨੇੜੇ ਕਸਿ ਪ੍ਰਾਪਰਟੀ 'ਤੇ ਕੀਟਨਾਸ਼ਕਾਂ ਦਾ ਇਸਤੇਮਾਲ ਕੀਤਾ ਜਾ ਰਹਿਾ ਹੋਵੇ, ਤਾਂ ਤੁਹਾਡੇ ਮਾਲਕ ਨੂੰ ਤੁਹਾਨੂੰ ਦੱਸਣਾ ਚਾਹੀਦਾ ਹੈ:

| ਇਸਤੇਮਾਲ ਤੋਂ ਪਹਿਲਾਂ | ਇਸਤੇਮਾਲ ਤੋਂ ਬਾਅਦ |
|---|---|
| ਇਸਤੇਮਾਲ ਦੀ ਤਾਰੀਖ | ਇਸਤੇਮਾਲ ਕੀਤੇ ਜਾਣ ਵਾਲੇ ਖੇਤਰ ਦਾ ਸਥਾਨ ਅਤੇ ਵਰਣਨ |
| ਇਸਤੇਮਾਲ ਕੀਤੇ ਜਾਣ ਵਾਲੇ ਖੇਤਰ ਦਾ ਸਥਾਨ ਅਤੇ ਵਰਣਨ | ਪ੍ਰਵੇਸ਼ ਪ੍ਰਤੀਬੰਧਤ ਹੋਣ ਦੀਆਂ ਤਾਰੀਖਾਂ ਅਤੇ ਸਮਾਂ |
| ਖੇਤ ਅਤੇ ਇਸਤੇਮਾਲ ਵਾਲੀਆਂ ਪਾਬੰਦੀ ਦੀਆਂ ਥਾਵਾਂ ਵਿੱਚ ਪ੍ਰਵੇਸ਼ ਨਾ ਕਰਨਾ | ਖੇਤ ਤੋਂ ਦੂਰ ਰਹਿਣਾ, ਜਦੋਂ ਤੱਕ ਉੱਥੇ ਜਾਣ ਦੀ ਪਾਬੰਦੀ ਹਟ ਨਾ ਜਾਵੇ |

ਇਹ ਤੁਹਾਡੀ ਸਮਝ ਆਉਣ ਵਾਲੀ ਭਾਸ਼ਾ ਵਿੱਚ ਹੋਣਾ ਚਾਹੀਦਾ ਹੈ। ਖੇਤਾਂ ਅਤੇ ਗ੍ਰੀਨਹਾਉਸ, ਹੂਪ ਹਾਉਸ, ਜਾਂ ਮਸ਼ਰੂਮ ਹਾਉਸ ਜਿਹੀਆਂ ਬੰਦ ਥਾਵਾਂ 'ਤੇ ਕੀਟਨਾਸ਼ਕਾਂ ਦੇ ਇਸਤੇਮਾਲ ਤੋਂ ਦੂਰ ਰਹਿਣ ਬਾਰੇ ਆਪਣੇ ਮਾਲਕ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ।

## "ਦਾਖਲੇ ਦੀ ਪਾਬੰਦੀ ਵਾਲਾ ਵਕਫ਼ਾ" (REI) ਦਾ ਕੀ ਮਤਲਬ ਹੈ?

REI ਕੀਟਨਾਸ਼ਕ ਇਸਤੇਮਾਲ ਕੀਤੇ ਜਾਣ ਤੋਂ ਬਾਅਦ ਦਾ ਉਹ ਸਮਾਂ ਹੈ, ਜਿਸ ਦੌਰਾਨ ਖੇਤ ਵਿੱਚ ਜਾਣ ਦੀ ਇਜਾਜ਼ਤ ਨਹੀਂ ਹੁੰਦੀ। ਜੇ ਤੁਸੀਂ REI ਦੇ ਦੌਰਾਨ ਪੌਦੇ ਨੂੰ ਛੂਹੋਗੇ, ਤਾਂ ਤੁਸੀਂ ਬੀਮਾਰ ਪੈ ਸਕਦੇ ਹੋ। ਪੌਦੇ 'ਤੇ ਕੀਟਨਾਸ਼ਕ ਇਸਤੇਮਾਲ ਕੀਤੇ ਜਾਣ ਤੋਂ ਬਾਅਦ, ਇਹ ਸਮਾਂ ਸ਼ੁਰੂ ਹੋ ਜਾਂਦਾ ਹੈ। ਪਰ ਇਹ ਵੱਧ ਸਮਾਂ ਲੈਂਦਾ ਹੈ, ਇਸ ਲਈ ਤੁਹਾਨੂੰ ਉਸ ਖੇਤ ਜਾਂ ਬੰਦ ਜਗ੍ਹਾ ਤੋਂ ਦੂਰ ਰਹਿਣਾ ਚਾਹੀਦਾ ਹੈ, ਜਦੋਂ ਤੱਕ REI ਦਾ ਪ੍ਰਭਾਵ ਖ਼ਤਮ ਨਾ ਹੋ ਜਾਏ ਅਤੇ ਤੁਹਾਡਾ ਮਾਲਕ ਜਾਂ ਕਿਸਾਨ ਤੁਹਾਨੂੰ ਇਹ ਨਹੀਂ ਦੱਸਦਾ ਕਿ ਖੇਤ ਜਾਂ ਬੰਦ ਜਗ੍ਹਾ ਵਿੱਚ ਕੰਮ ਕਰਨਾ ਸੁਰੱਖਿਅਤ ਹੈ।

## ਕੀ ਮੈਂ ਕਦੀ ਉਸ ਖੇਤ ਦੇ ਅੰਦਰ ਜਾ ਸਕਦਾ ਹਾਂ, ਜੋ REI ਦੇ ਪ੍ਰਭਾਵ ਹੇਠਾਂ ਹੈ?

ਆਮ ਤੌਰ ਤੇ ਤੁਹਾਨੂੰ ਉਸ ਖੇਤ ਦੇ ਅੰਦਰ ਨਹੀਂ ਜਾਣਾ ਚਾਹੀਦਾ, ਜਦੋਂ ਤੱਕ REI ਦਾ ਪ੍ਰਭਾਵ ਖ਼ਤਮ ਨਾ ਹੋ ਜਾਏ ਅਤੇ ਤੁਹਾਡਾ ਮਾਲਕ ਜਾਂ ਕਿਸਾਨ ਤੁਹਾਨੂੰ ਇਹ ਨਹੀਂ ਦੱਸਦਾ ਕਿ ਤੁਸੀਂ ਖੇਤ ਵਿੱਚ ਜਾ ਸਕਦੇ ਹੋ। ਕਦੀ ਵੀ ਉਸ ਖੇਤ ਵਿੱਚ ਚੱਲੋ ਜਾਂ ਬੈਠੋ ਨਾ, ਜਿੱਥੇ ਕੀਟਨਾਸ਼ਕਾਂ ਦਾ ਛਿੜਕਾਅ ਕੀਤਾ ਗਿਆ ਹੈ। ਤੁਹਾਡਾ ਮਾਲਕ ਕੀਟਨਾਸ਼ਕਾਂ ਦਾ ਅਤੇ ਤੁਹਾਡੇ ਕੰਮ ਦਾ ਸਮਾਂ ਤੈਅ ਕਰਨ ਦੀ ਕੋਸ਼ਿਸ਼ ਕਰੇਗਾ, ਤਾਂ ਜੋ ਤੁਸੀਂ ਛਿੜਕਾਅ ਵਾਲੇ ਖੇਤਾਂ ਅੰਦਰ ਨਾ ਜਾਓ। ਆਮ ਤੌਰ 'ਤੇ, ਜੇ ਚੇਤਾਵਨੀ ਸੰਕੇਤਕ ਚਿੰਨ੍ਹ ਲੱਗੇ ਹੋਣ ਤਾਂ ਖੇਤ ਜਾਂ ਬੰਦ ਜਗ੍ਹਾ ਅੰਦਰ ਨਾ ਜਾਣ ਬਾਰੇ ਨਹੀਂ ਦੱਸਿਆ ਜਾਂਦਾ।

ਥੋੜ੍ਹੇ ਜਿਹੇ ਕੁਝ ਅਜਿਹੇ ਸਮੇਂ ਹਨ, ਜਦੋਂ ਤੁਸੀਂ REI ਦੇ ਦੌਰਾਨ ਖੇਤ ਜਾਂ ਬੰਦ ਜਗ੍ਹਾ ਅੰਦਰ ਜਾ ਸਕਦੇ ਹੋ। ਪਰ ਫਿਰ ਵੀ, ਤੁਸੀਂ ਕੀਟਨਾਸ਼ਕ ਦਾ ਇਸਤੇਮਾਲ ਖ਼ਤਮ ਹੋਣ ਤੋਂ ਘੱਟੋ ਘੱਟ **ਚਾਰ ਘੰਟੇ** ਬਾਅਦ ਵਿੱਚ ਖੇਤ ਵਿੱਚ ਜਾ ਸਕਦੇ ਹੋ। REI ਦੇ ਦੌਰਾਨ ਖੇਤਰ ਅੰਦਰ ਜਾਣ ਲਈ ਤੁਹਾਡੀ ਉਮਰ ਘੱਟੋ ਘੱਟ 18 ਸਾਲ ਹੋਣੀ ਚਾਹੀਦੀ ਹੈ। ਕੁਝ ਹੋਰ ਵੀ ਨਿਯਮ ਹੋ ਸਕਦੇ ਹਨ, ਜੋ ਇੱਥੇ ਲਾਗੂ ਹੁੰਦੇ ਹਨ। ਤੁਹਾਡੇ ਮਾਲਕ ਨੂੰ ਇਹਨਾਂ ਨਿਯਮਾਂ ਬਾਰੇ ਜਾਣਕਾਰੀ ਹੋਣੀ ਜ਼ਰੂਰੀ ਹੈ ਅਤੇ ਉਨ੍ਹਾਂ ਬਾਰੇ ਖੇਤ ਅੰਦਰ ਤੁਹਾਡੇ ਜਾਣ ਤੋਂ ਪਹਿਲਾਂ ਤੁਹਾਨੂੰ ਦੱਸਣਾ ਚਾਹੀਦਾ ਹੈ। ਉਸਨੂੰ ਤੁਹਾਨੂੰ ਇਹ ਵੀ ਦੱਸਣਾ ਚਾਹੀਦਾ ਹੈ ਕਿ ਤੁਸੀਂ ਇੱਕ ਦਿਨ ਵਿੱਚ ਉਸ ਖੇਤ ਵਿੱਚ ਕਿੰਨੀ ਦੇਰ ਕੰਮ ਕਰ ਸਕਦੇ ਹੋ। ਕੁਝ ਕਿਸਮ ਦੇ ਕੰਮਾਂ ਲਈ, ਤੁਹਾਨੂੰ ਉਸ ਖੇਤ ਵਿੱਚ ਸਿਰਫ਼ ਥੋੜ੍ਹਾ ਸਮਾਂ ਰਹਿਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ।

## ਜੇ ਮੈਨੂੰ REI ਦੇ ਦੌਰਾਨ ਖੇਤ ਵੱਿਚ ਜਾਣਾ ਪਵੇ ਤਾਂ ਮੈਨੂੰ ਕੀ ਕੁਝ ਜਾਣਨ ਦੀ ਜ਼ਰੂਰਤ ਹੈ?

1. ਤੁਸੀਂ ਕਿੱਥੇ ਕੰਮ ਕਰੋਗੇ।
2. ਛਿੜਕਾਅ ਕੀਤੇ ਜਾਣ ਵਾਲੇ ਕੀਟਨਾਸ਼ਕ ਦਾ ਨਾਮ ਅਤੇ REI ਕਦੋਂ ਸ਼ੁਰੂ ਹੋਵੇਗਾ ਅਤੇ ਕਦੋਂ ਖ਼ਤਮ ਹੋਵੇਗਾ।
3. ਜੇ ਤੁਹਾਡੇ ਕੰਮਾਂ 'ਤੇ ਵਿਸ਼ੇਸ਼ ਪਾਬੰਦੀਆਂ ਹਨ, ਜਿਵੇਂ ਤੁਸੀਂ ਕੀਟਨਾਸ਼ਕ ਇਸਤੇਮਾਲ ਕੀਤੀਆਂ ਗਈਆਂ ਸਤ੍ਹਾਵਾਂ ਨੂੰ ਛੂਹ ਸਕਦੇ ਹੋ ਜਾਂ ਨਹੀਂ ਅਤੇ ਕਿੰਨਾ ਸਮਾਂ ਤੁਸੀਂ ਉਸ ਥਾਂ 'ਤੇ ਰਹਿ ਸਕਦੇ ਹੋ।
4. ਲੇਬਲ ਦੇ ਮੁਤਾਬਕ ਤੁਹਾਡੇ ਲਈ ਕੀ ਖ਼ਤਰਨਾਕ ਹੈ।
5. ਜੇ ਕੀਟਨਾਸ਼ਕ ਤੁਹਾਡੇ ਸਰੀਰ ਦੇ ਅੰਦਰ ਚਲੇ ਜਾਣ ਜਾਂ ਤੁਹਾਡੇ ਉੱਤੇ ਪੈ ਜਾਣ ਤਾਂ ਤੁਹਾਨੂੰ ਕਿਹੋ ਜਿਹਾ ਮਹਿਸੂਸ ਹੋ ਸਕਦਾ ਹੈ ਜਾਂ ਤੁਸੀਂ ਕਿਸ ਤਰ੍ਹਾਂ ਦਿਖਾਈ ਦੇ ਸਕਦੇ ਹੋ।
6. ਜੇ ਕੀਟਨਾਸ਼ਕ ਨਾਲ ਤੁਸੀਂ ਬੀਮਾਰ ਹੋ ਜਾਓ ਤਾਂ ਐਮਰਜੈਂਸੀ ਵਿੱਚ ਫਸਟ ਏਡ ਲਈ ਕਿਹੜੇ ਕਦਮ ਚੁੱਕਣੇ ਹਨ ਅਤੇ ਫੌਰਨ ਮਦਦ ਕਿਵੇਂ ਲੈਣੀ ਹੈ।
7. ਇਹ ਲੀਫ਼ਲੈਟ (ਪਰਚਾ) ਅਤੇ A-8 ਸੁਰੱਖਿਆ ਲੀਫ਼ਲੈਟ ਕਿੱਥੋਂ ਲੈਣਾ ਹੈ।
8. ਸੁਰੱਖਿਆ ਕੱਪੜੇ ਜਾਂ ਉਪਕਰਨ ਜੋ ਤੁਹਾਨੂੰ ਪਹਿਨਣੇ ਚਾਹੀਦੇ ਹਨ, ਅਤੇ ਇਹ ਕਿ ਇੱਕ ਵਾਰੀ ਪਾਉਣ ਤੋਂ ਬਾਅਦ, ਤੁਹਾਡੇ ਕੰਮ ਦੇ ਕੱਪੜੇ ਅਤੇ ਸੁਰੱਖਿਆ ਕੱਪੜੇ ਜਾਂ ਉਪਕਰਨ ਕੀਟਨਾਸ਼ਕਾਂ ਨਾਲ ਦੂਸ਼ਤ ਹੋ ਸਕਦੇ ਹਨ।
9. ਬਹੁਤੀ ਗਰਮੀ ਦੀ ਹਾਲਤ ਵਿੱਚ ਸੁਰੱਖਿਆ ਕੱਪੜੇ ਜਾਂ ਉਪਕਰਨ ਦੇ ਇਸਤੇਮਾਲ ਨਾਲ ਤੁਸੀਂ ਬੀਮਾਰ ਹੋਣ ਤੋਂ ਕਿਵੇਂ ਬਚੋ।
10. ਸੁਰੱਖਿਆ ਕੱਪੜੇ ਅਤੇ ਉਪਕਰਨ ਕਿਵੇਂ ਪਹਿਨੋ, ਉਤਾਰੋ, ਸਾਂਭੋ, ਅਤੇ ਸਾਫ਼ ਕਰੋ।
11. ਖੇਤ ਤੋਂ ਜਾਣ ਤੋਂ ਬਾਅਦ ਕੱਪੜਿਆਂ ਨੂੰ ਚੰਗੀ ਤਰ੍ਹਾਂ ਸਾਫ਼ ਕਰਨਾ ਕਿਉਂ ਜ਼ਰੂਰੀ ਹੈ।

ਤੁਹਾਡੇ ਮਾਲਕ ਨੂੰ ਤੁਹਾਨੂੰ ਤੁਹਾਡੀ ਲੋੜ ਦੇ ਸਾਰੇ ਸਾਫ਼ ਸੁਰੱਖਿਆ ਕੱਪੜੇ ਅਤੇ ਉਪਕਰਨ ਦੇਣੇ ਚਾਹੀਦੇ ਹਨ। ਜੇ ਲੇਬਲ ਦੇ ਮੁਤਾਬਕ ਤੁਹਾਡੀਆਂ ਅੱਖਾਂ ਦੀ ਸੁਰੱਖਿਆ ਦੀ ਲੋੜ ਹੈ, ਤਾਂ ਤੁਹਾਨੂੰ ਕੰਮ ਕਰਨ ਦੇ ਸਮੇਂ ਆਪਣੇ ਨਾਲ ਆਈਵਾਸ਼ ਰੱਖਣਾ ਚਾਹੀਦਾ ਹੈ। ਤੁਹਾਨੂੰ ਆਪਣੇ ਨਿੱਜੀ ਕੱਪੜਿਆਂ ਨੂੰ ਸਾਂਭਣ ਲਈ, ਅਤੇ ਸੁਰੱਖਿਆ ਕੱਪੜੇ ਜਾਂ ਉਪਕਰਨ ਪਾਉਣ ਜਾਂ ਉਤਾਰਨ ਲਈ ਸਾਫ਼, ਕੀਟਨਾਸ਼ਕ-ਮੁਕਤ ਥਾਂ ਜਾਣੀ ਚਾਹੀਦੀ ਹੈ। ਤੁਹਾਡੇ ਕੱਪੜਿਆਂ ਤੇ ਕੀਟਨਾਸ਼ਕ ਪੈ ਜਾਵੇ ਤਾਂ ਬਦਲਣ ਲਈ ਤੁਹਾਨੂੰ ਵਾਧੂ ਕਵਰਆਲ ਵੀ ਦਿੱਤੇ ਜਾਣੇ ਚਾਹੀਦੇ ਹਨ। ਤੁਹਾਡੇ ਮਾਲਕ ਨੂੰ ਤੁਹਾਨੂੰ ਮੂੰਹ-ਹੱਥ ਧੋਣ ਲਈ ਸਾਬੁਣ, ਸਾਫ਼ ਪਾਣੀ, ਅਤੇ ਤੌਲੀਏ ਦੇਣੇ ਚਾਹੀਦੇ ਹਨ।

## ਮਤਾ 65

1986 ਵਿੱਚ, ਪੀਣ ਵਾਲੇ ਸੁਰੱਖਿਅਤ ਪਾਣੀ ਅਤੇ ਜ਼ਹਿਰੀਲੇ ਪਦਾਰਥਾਂ ਬਾਰੇ ਐਨਫੋਰਸਮੈਂਟ ਐਕਟ (Safe Drinking Water and Toxic Enforcement Act of 1986) (ਮਤਾ 65) ਨਾਮ ਦਾ ਕਨੂੰਨ ਪਾਸ ਕੀਤਾ ਗਿਆ। ਇਸਦੇ ਹੇਠ ਕੈਲੀਫ਼ੋਰਨੀਆ ਵੱਲੋਂ ਉਨ੍ਹਾਂ ਰਸਾਇਣਾਂ ਦੀ ਸੂਚੀ ਬਣਾਉਣ ਦੀ ਲੋੜ ਹੁੰਦੀ ਹੈ, ਜਿਨ੍ਹਾਂ ਨਾਲ ਕੈਂਸਰ, ਜਨਮ ਵਿਕਾਰ, ਜਾਂ ਹੋਰ ਪ੍ਰਜਨਕ ਨੁਕਸਾਨ ਹੁੰਦੇ ਹਨ। ਮਤਾ 65 ਸੂਚੀ ਵਿੱਚ, ਰੰਗ ਦੇ ਰਸਾਇਣ, ਘੋਲਕ, ਕੀਟਨਾਸ਼ਕ, ਦਵਾਈਆਂ ਅਤੇ ਭੋਜਨ ਵਿੱਚ ਮਿਲਾਏ ਜਾਣ ਵਾਲੇ ਉਤਪਾਦਾਂ ਸਮੇਤ ਕਈ ਵੱਖ ਵੱਖ ਰਸਾਇਣ ਹਨ। ਜੇ ਤੁਸੀਂ ਮਤਾ 65 ਦੀ ਸੂਚੀ 'ਤੇ ਦਿੱਤੇ ਗਏ ਕਿਸੇ ਕੀਟਨਾਸ਼ਕ ਦਾ ਇਸਤੇਮਾਲ ਕਰਦੇ ਹੋ, ਤਾਂ ਤੁਹਾਡੇ ਮਾਲਕ ਨੂੰ ਤੁਹਾਨੂੰ ਚੇਤਾਵਨੀ ਦੇਣੀ ਚਾਹੀਦੀ ਹੈ ਕਿ ਜੇ ਤੁਸੀਂ ਜ਼ਿਆਦਾ ਕੀਟਨਾਸ਼ਕ ਦੇ ਪ੍ਰਭਾਵ ਵਿੱਚ ਆਉਂਦੇ ਹੋ ਤਾਂ ਤੁਹਾਡੀ ਸਿਹਤ ਨੂੰ ਬਹੁਤ ਜ਼ਿਆਦਾ ਜੋਖਮ ਹੋ ਸਕਦਾ ਹੈ। ਮਤਾ 65 ਦੀ ਸੂਚੀ 'ਤੇ ਦਿੱਤੇ ਗਏ ਕਿਸੇ ਕੀਟਨਾਸ਼ਕ ਦਾ ਛਿੜਕਾਅ ਕੀਤੇ ਜਾਣ 'ਤੇ ਤੁਹਾਡਾ ਮਾਲਕ ਤੁਹਾਨੂੰ ਚੇਤਾਵਨੀ ਦੇਣ ਦੀ ਚੋਣ ਵੀ ਕਰ ਸਕਦਾ ਹੈ, ਭਾਵੇਂ ਸਿਹਤ ਨੂੰ ਕੋਈ ਖ਼ਤਰਾ ਹੋਣ ਦੀ ਸੰਭਾਵਨਾ ਨਹੀਂ। ਜਿਵੇਂ ਉੱਪਰ ਦੱਸਿਆ ਗਿਆ ਹੈ, ਤੁਹਾਡੇ ਮਾਲਕ ਵੱਲੋਂ ਇਸਤੇਮਾਲ ਹੋਣ ਵਾਲੇ ਹਰ ਇੱਕ ਕੀਟਨਾਸ਼ਕ ਬਾਰੇ ਜਾਣਕਾਰੀ ਪੰਨਾ 2 'ਤੇ ਦਿੱਤੇ ਪਤੇ 'ਤੇ ਰੱਖੀ ਜਾਣੀ ਚਾਹੀਦੀ ਹੈ ਅਤੇ ਤੁਹਾਨੂੰ ਇਸਨੂੰ ਦੇਖਣ ਦੀ ਆਗਿਆ ਦੇਣੀ ਚਾਹੀਦੀ ਹੈ। ਜੇ ਤੁਹਾਨੂੰ ਰਿਕਾਰਡ ਦੀ ਥਾਂ ਦਾ ਪੱਕਾ ਪਤਾ ਨਹੀਂ, ਤਾਂ ਆਪਣੇ ਮਾਲਕ ਨੂੰ ਪੁੱਛੋ।

**ਮਤਾ 65 ਦੀ ਸੂਚੀ 'ਤੇ ਜੋ ਕੀਟਨਾਸ਼ਕ ਹਨ ਅਤੇ ਜੋ ਕੈਲੀਫ਼ੋਰਨੀਆ ਵਿੱਚ ਵਰਤੇ ਜਾਂਦੇ ਹਨ, ਉਨ੍ਹਾਂ ਦੀ ਸੂਚੀ ਨੂੰ ਤੁਸੀਂ http://www.cdpr.ca.gov/docs/dept/factshts/prop65.htm 'ਤੇ ਵੇਖ ਸਕਦੇ ਹੋ।**

ਸੁਰੱਖਿਆ ਸਬੰਧੀ ਸੁਝਾਅ 9

**ਖਾਣ, ਪੀਣ, ਚਿਉਂਗਮ ਚਬਾਉਣ, ਆਪਣਾ ਫੋਨ ਵਰਤਣ, ਤੰਮਾਕੂਨੋਸ਼ੀ ਕਰਨ, ਜਾਂ ਬਾਥਰੂਮ ਜਾਣ ਤੋਂ ਪਹਿਲਾਂ ਹਮੇਸ਼ਾਂ ਆਪਣੇ ਹੱਥ ਧੋਵੋ।**

ਤੇਜ਼ ਮੁਫ਼ਤ ਮਾਹਰ ਦੀ ਮੱਦਦ
ਕੈਲੀਫ਼ੋਰਨੀਆ ਜ਼ਹਿਰ ਕੰਟਰੋਲ
1-800-222-1222

*ਜੇ ਤੁਹਾਨੂੰ ਆਪਣੀ ਟ੍ਰੇਨਿੰਗ ਵੱਿਚ ਲੋੜੀਦੀ ਸਾਰੀ ਜਾਣਕਾਰੀ ਨਹੀ ਮਲਿਦੀ ਜਾਂ ਤੁਸੀ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਬਾਰੇ ਸ਼ਕਿਾਇਤ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਹੋਰ ਜਾਣਕਾਰੀ ਲਈ ਆਪਣੇ ਕਾਉਂਟੀ ਦੇ ਐਗਰੀਕਲਚਰ ਕਮਸ਼ਿਨਰ ਜਾਂ ਡੀਪੀਆਰ ਨੂੰ ਫ਼ੋਨ ਕਰਨਾ ਚਾਹੀਦਾ ਹੈ। ਤੁਹਾਨੂੰ ਆਪਣੀ ਸਥਾਨਕ ਸਫੈਦ ਪੰਨਆਿਂ ਦੀ ਫੋਨ ਡਾਇਰੈਕਟਰੀ ਵੱਿਚ ਕਮਸ਼ਿਨਰ ਦਾ ਨੰਬਰ ਮਲਿ ਸਕਦਾ ਹੈ, ਜਾਂ 1-87PestLine 'ਤੇ ਫ਼ੋਨ ਕਰੋ, ਜਾਂ ਇੱਥੇ ਜਾਓ: http://www.cdfa.ca.gov/exec/county/countymap* ਡੀਪੀਆਰ ਦੇ ਖੇਤਰੀ ਦਫਤਰ ਹਨ:

- **ਉੱਤਰੀ (ਵੈਸਟ ਸੈਕਰਾਮੈਂਟੋ)** 916/376-8960
- **ਸੈਂਟਰਲ (ਕਲੋਇਸ)** 559/297-3511
- **ਦੱਖਣੀ (ਐਨਾਹਾਇਮ)** 714/279-7690

ਸੁਰੱਖਿਆ ਸਬੰਧੀ ਲੀਫ਼ਲੈਟ (ਪਰਚੇ) ਇੱਥੇ ਉਪਲੱਬਧ ਹਨ: https://www.cdpr.ca.gov/docs/whs/psispunjabi.htm

ਕੀਟਨਾਸ਼ਕ ਬਾਰੇ ਸ਼ਿਕਾਇਤ ?
1-87PestLine
ਜਾਣਕਾਰੀ ਲਾਈਨ
1-877-378-5463